# ਲਿੰਗ ਅਤੇ ਵਚਨ ਬਦਲ ਕੇ ਵਾਕ ਦੁਬਾਰਾ ਲਿਖੋ

1. ਮਾਲੀ ਬੂਟੇ ਨੂੰ ਪਾਣੀ ਦੇ ਰਿਹਾ ਹੈ।
ਵਚਨ – ਮਾਲੀ ਬੂਟਿਆਂ ਨੂੰ ਪਾਣੀ ਦੇ ਰਹੇ ਹਨ।
ਲਿੰਗ – ਮਾਲਣ ਬੂਟੀ ਨੂੰ ਪਾਣੀ ਦੇ ਰਹੀ ਹੈ।

2. ਏਕਮ ਵਰਗੇ ਚੰਗੇ ਬੱਚੇ ਲਗਨ ਨਾਲ ਪੜ੍ਹਦੇ ਹਨ।
ਵਚਨ – ਏਕਮ ਵਰਗਾ ਚੰਗਾ ਬੱਚਾ ਲਗਨ ਨਾਲ ਪੜ੍ਹਦਾ ਹੈ।
ਲਿੰਗ – ਏਕਮ ਵਰਗੀਆਂ ਚੰਗੀਆਂ ਬੱਚੀਆਂ ਲਗਨ ਨਾਲ ਪੜ੍ਹਦੀਆਂ ਹਨ।

3. ਭੰਗੜੇ ਵਿੱਚ ਨੱਚਦੇ ਗੱਭਰੂ ਨੂੰ ਵੇਖ ਕੇ ਬੁੱਢੇ ਤੇ ਮੁੰਡੇ ਵੀ ਨੱਚਣ ਲੱਗ ਪਏ।
ਵਚਨ – ਭੰਗੜੇ ਵਿੱਚ ਨੱਚਦੇ ਗੱਭਰੂਆਂ ਨੂੰ ਵੇਖ ਕੇ ਬੁੱਢਾ ਤੇ ਮੁੰਡਾ ਵੀ ਨੱਚਣ ਲੱਗ ਪਿਆ।
ਲਿੰਗ – ਗਿੱਧੇ ਵਿੱਚ ਨੱਚਦੀ ਮੁਟਿਆਰ ਨੂੰ ਵੇਖ ਕੇ ਬੁੱਢੀਆਂ ਤੇ ਕੁੜੀਆਂ ਵੀ ਨੱਚਣ ਲੱਗ ਪਈਆਂ।

4. ਮੇਰਾ ਹਰਮਨ ਪਿਆਰਾ ਲੇਖਕ ਬਾਲ ਲੇਖਕ ਹੈ।
ਵਚਨ – ਸਾਡੇ ਹਰਮਨ ਪਿਆਰੇ ਲੇਖਕ ਬਾਲ ਲੇਖਕ ਹਨ।
ਲਿੰਗ – ਮੇਰੀ ਹਰਮਨ ਪਿਆਰੀ ਲੇਖਕਾ ਬਾਲ ਲੇਖਕਾ ਹੈ।

5. ਮੇਲੇ ਵਿੱਚ ਮੁਟਿਆਰਾਂ ਗਿੱਧਾ ਪਾ ਰਹੀਆਂ ਸਨ।
ਵਚਨ – ਮੇਲੇ ਵਿੱਚ ਮੁਟਿਆਰ ਗਿੱਧਾ ਪਾ ਰਹੀ ਸੀ।
ਲਿੰਗ – ਮੇਲੇ ਵਿੱਚ ਗੱਭਰੂ ਭੰਗੜਾ ਪਾ ਰਹੇ ਸਨ।

6. ਮਦਾਰੀ ਬਾਂਦਰ ਨੂੰ ਨਚਾ ਰਿਹਾ ਸੀ।
ਵਚਨ–ਮਦਾਰੀ ਬਾਂਦਰਾਂ ਨੂੰ ਨਚਾ ਰਹੇ ਸਨ।
ਲਿੰਗ–ਮਦਾਰਨ ਬਾਂਦਰੀ ਨੂੰ ਨਚਾ ਰਹੀ ਸੀ।

7. ਪਤਲੇ ਸਰੀਰ ਵਾਲੇ ਆਦਮੀ ਲੰਮੇਰੀ ਉਮਰਾਂ ਭੋਗਦੇ ਹਨ।
ਵਚਨ – ਪਤਲੇ ਸਰੀਰ ਵਾਲਾ ਆਦਮੀ ਲੰਮੇਰੀ ਉਮਰ ਭੋਗਦਾ ਹੈ।
ਲਿੰਗ – ਪਤਲੇ ਸਰੀਰ ਵਾਲੀਆਂ ਔਰਤਾਂ ਲੰਮੇਰੀ ਉਮਰਾਂ ਭੋਗਦੀਆਂ ਹਨ।

8. ਚੰਗੀਆਂ ਵਿਦਿਆਰਥਣਾਂ ਲਗਨ ਨਾਲ ਪੜ੍ਹਦੀਆਂ ਹਨ।
ਵਚਨ – ਚੰਗੀ ਵਿਦਿਆਰਥਣ ਲਗਨ ਨਾਲ ਪੜ੍ਹਦੀ ਹੈ।
ਲਿੰਗ – ਚੰਗੇ ਵਿਦਿਆਰਥੀ ਲਗਨ ਨਾਲ ਪੜ੍ਹਦੇ ਹਨ।

9. ਕਾਲੀ ਘੋੜੀ ਦੌੜਦੀ ਹੈ।
ਵਚਨ – ਕਾਲੀਆਂ ਘੋੜੀਆਂ ਦੌੜਦੀਆਂ ਹਨ।
ਲਿੰਗ – ਕਾਲਾ ਘੋੜਾ ਦੌੜਦਾ ਹੈ।

10. ਛੋਟੀਆਂ ਕੁੜੀਆਂ ਖੇਡਦੀਆਂ ਹਨ।
ਵਚਨ – ਛੋਟੀ ਕੁੜੀ ਖੇਡਦੀ ਹੈ।
ਲਿੰਗ – ਛੋਟੇ ਮੁੰਡੇ ਖੇਡਦੇ ਹਨ।

11. ਆਪਣੀ ਭਾਵੇਂ ਮੱਝ ਹੇਠ ਆ ਜਾਏ,ਪਰ ਸ਼ਰੀਕ ਦੀ ਕੰਧ ਢਹਿ ਜਾਏ।
ਵਚਨ – ਆਪਣੀਆਂ ਭਾਵੇਂ ਮੱਝਾਂ ਹੇਠਾਂ ਆ ਜਾਣ,ਪਰ ਸ਼ਰੀਕਾਂ ਦੀਆਂ ਕੰਧਾਂ ਢਹਿ ਜਾਣ।
ਲਿੰਗ – ਆਪਣਾ ਭਾਵੇਂ ਝੋਟਾ ਹੇਠ ਆ ਜਾਏ,ਪਰ ਸ਼ਰੀਕਣ ਦੀ ਕੰਧ ਢਹਿ ਜਾਏ।

12. ਜੰਗਲ ਵਿੱਚ ਹਾਥੀ,ਸ਼ੇਰ,ਹਿਰਨ ਅਤੇ ਬਘਿਆੜ ਹੁੰਦੇ ਹਨ।
ਵਚਨ – ਜੰਗਲਾਂ ਵਿੱਚ ਹਾਥੀ,ਸ਼ੇਰ,ਹਿਰਨ ਅਤੇ ਬਘਿਆੜ ਹੁੰਦਾ ਹੈ।
ਲਿੰਗ – ਜੰਗਲ ਵਿੱਚ ਹਥਨੀਆਂ,ਸ਼ੇਰਨੀਆਂ,ਹਿਰਨੀਆਂ ਅਤੇ ਬਘਿਆੜਨਾਂ ਹੁੰਦੀਆਂ ਹਨ।

13. **ਖੇਤਾਂ ਵਿੱਚ ਗਾਂ,ਬੱਕਰੀ,ਭੇਡ ਅਤੇ ਮੱਝ ਚਰ ਰਹੀ ਹੈ।**
ਵਚਨ – ਖੇਤ ਵਿੱਚ ਗਾਂਵਾਂ,ਬੱਕਰੀਆਂ,ਭੇਡਾਂ ਅਤੇ ਮੱਝਾਂ ਚਰ ਰਹੀਆਂ ਹਨ।
ਲਿੰਗ – ਖੇਤਾਂ ਵਿੱਚ ਬਲਦ,ਬੱਕਰਾ,ਭੇਡੂ ਅਤੇ ਝੋਟਾ ਚਰ ਰਿਹਾ ਹੈ।

14. ਕੁੱਤਾ ਬਿੱਲੀ ਦੇ ਮਗਰ ਤੇ ਬਿੱਲੀ ਚੂਹੇ ਦੇ ਮਗਰ ਦੌੜ ਰਹੀ ਸੀ।
ਵਚਨ – ਕੁੱਤੇ ਬਿੱਲੀਆਂ ਦੇ ਮਗਰ ਤੇ ਬਿੱਲੀਆਂ ਚੂਹਿਆਂ ਦੇ ਮਗਰ ਦੌੜ ਰਹੀਆਂ ਸਨ।
ਲਿੰਗ – ਕੁੱਤੀ ਬਿੱਲੇ ਦੇ ਮਗਰ ਤੇ ਬਿੱਲਾ ਚੂਹੀ ਦੇ ਮਗਰ ਦੌੜ ਰਿਹਾ ਸੀ।

15. ਲੇਖਾ ਮਾਵਾਂ ਧੀਆਂ ਦਾ ।
ਵਚਨ – ਲੇਖੇ ਮਾਂ ਧੀ ਦੇ
ਲਿੰਗ – ਲੇਖਾ ਪਿਓ ਪੁੱਤਰਾਂ ਦਾ ।

16. ਰਾਜਾ ਆਪਣੇ ਮਿੱਤਰਾਂ ਤੇ ਗੋਲਿਆਂ ਨਾਲ ਜਾ ਰਿਹਾ ਸੀ।
ਵਚਨ – ਰਾਜੇ ਆਪਣੇ ਮਿੱਤਰ ਤੇ ਗੋਲੇ ਨਾਲ ਜਾ ਰਹੇ ਸਨ।
ਲਿੰਗ – ਰਾਣੀ ਆਪਣੀਆਂ ਸਹੇਲੀਆਂ ਤੇ ਦਾਸੀਆਂ ਨਾਲ ਜਾ ਰਹੀ ਸੀ।

17. ਮੇਰੀ ਦਿਓਰਾਣੀ ਅੱਜ ਸ਼ਹਿਰ ਗਈ ਹੈ।
ਵਚਨ–ਮੇਰੀਆਂ ਦਿਓਰਾਣੀਆਂ ਅੱਜ ਸ਼ਹਿਰ ਗਈਆਂ ਹਨ।
ਲਿੰਗ–ਮੇਰਾ ਦਿਓਰ ਅੱਜ ਸ਼ਹਿਰ ਗਿਆ ਹੈ।

18. ਵਕੀਲ,ਡਾਕਟਰ ਤੇ ਮਾਸਟਰ ਸਲਾਹਾਂ ਕਰ ਰਹੇ ਹਨ।
ਵਚਨ – ਵਕੀਲ,ਡਾਕਟਰ ਤੇ ਮਾਸਟਰ ਸਲਾਹ ਕਰ ਰਹੇ ਹਨ।
ਲਿੰਗ – ਵਕੀਲਣੀਆਂ,ਡਾਕਟਰਾਣੀਆਂ ਤੇ ਮਾਸਟਰਾਣੀਆਂ ਸਲਾਹਾਂ ਕਰ ਰਹੀਆਂ ਹਨ।

19. ਖੇਤ ਵਿੱਚ ਗੁਆਲਾ ਗਊਆਂ ਚਰਾ ਰਿਹਾ ਹੈ।
ਵਚਨ – ਖੇਤਾਂ ਵਿੱਚ ਗੁਆਲੇ ਗਊ ਚਰਾ ਰਹੇ ਹਨ।
ਲਿੰਗ – ਖੇਤ ਵਿੱਚ ਗੁਆਲਣ ਬਲਦ ਚਰਾ ਰਹੀ ਹੈ।

20. ਰਾਜੇ ਕੋਲ ਦੋ ਨੌਕਰ,ਚਾਰ ਹਾਥੀ,ਤਿੰਨ ਘੋੜੇ ਤੇ ਇੱਕ ਕੁੱਤਾ ਹੈ ।
ਵਚਨ – ਰਾਜਿਆਂ ਕੋਲ ਇੱਕ ਨੌਕਰ,ਇੱਕ ਹਾਥੀ,ਇੱਕ ਘੋੜਾ ਤੇ ਦੋ ਕੁੱਤੇ ਸਨ।
ਲਿੰਗ – ਰਾਣੀ ਕੋਲ ਦੋ ਨੌਕਰਾਣੀਆਂ,ਚਾਰ ਹਥਣੀਆਂ,ਤਿੰਨ ਘੋੜੀਆਂ ਤੇ ਦੋ ਕੁੱਤੀਆਂ ਸਨ।

21. ਕੁੜੀ ਕਵਿਤਾ ਪੜ੍ਹ ਰਹੀ ਹੈ।
ਵਚਨ – ਕੁੜੀਆਂ ਕਵਿਤਾਵਾਂ ਪੜ੍ਹ ਰਹੀਆਂ ਹਨ।
ਲਿੰਗ – ਮੁੰਡਾ ਕਵਿਤਾ ਪੜ੍ਹ ਰਿਹਾ ਹੈ।

22. ਮਦਾਰੀ ਨੇ ਮੁਰਲੀ ਵਜਾਈ।
ਵਚਨ – ਮਦਾਰੀਆਂ ਨੇ ਮੁਰਲੀਆਂ ਵਜਾਈਆਂ।
ਲਿੰਗ – ਮਦਾਰਨ ਨੇ ਮੁਰਲੀ ਵਜਾਈ।

23. ਚਿੜੀਆਂ ਚੀਂ ਚੀਂ ਕਰਦੀਆਂ ਹਨ।
ਵਚਨ – ਚਿੜੀ ਚੀਂ ਚੀਂ ਕਰਦੀ ਹੈ।
ਲਿੰਗ – ਚਿੜਾ ਚੀਂ ਚੀਂ ਕਰਦਾ ਹੈ।

24. ਬੱਦਲ ਵਰ੍ਹ ਕੇ ਚਲਾ ਗਿਆ।
ਵਚਨ – ਬੱਦਲ ਵਰ੍ਹ ਕੇ ਚਲੇ ਗਏ।
ਲਿੰਗ – ਬੱਦਲੀ ਵਰ੍ਹ ਕੇ ਚਲੀ ਗਈ।

25. ਨੂੰਹ ਨੇ ਸੱਸ ਕੁੱਟੀ, ਧੀ ਨੇ ਪੜ੍ਹੀਸ ਲੁੱਟੀ।
ਵਚਨ – ਨੂੰਹਾਂ ਨੇ ਸੱਸਾਂ ਕੁੱਟੀਆਂ, ਧੀਆਂ ਨੇ ਪੜ੍ਹੀਸਾਂ ਲੁੱਟੀਆਂ।
ਲਿੰਗ – ਪੁੱਤਰ ਨੇ ਸਹੁਰਾ ਕੁੱਟਿਆ, ਜਵਾਈ ਨੇ ਪਤਿਅਹੁਰਾ ਲੁੱਟਿਆ ।

26. **ਰਾਣੀ ਪ੍ਰੋਹਿਤ ਨੂੰ ਭੋਜਨ ਛਕਾ ਰਹੀ ਸੀ ਤੇ ਸੇਵਕ ਪੱਖਾ ਝੱਲ ਰਿਹਾ ਸੀ।**
ਵਚਨ – ਰਾਣੀਆਂ ਪ੍ਰੋਹਿਤਾਂ ਨੂੰ ਭੋਜਨ ਛਕਾ ਰਹੀਆਂ ਸਨ ਤੇ ਸੇਵਕ ਪੱਖੇ ਝੱਲ ਰਹੇ ਸਨ।
ਲਿੰਗ – ਰਾਜਾ ਪ੍ਰੋਹਤਾਣੀ ਨੂੰ ਭੋਜਨ ਛਕਾ ਰਿਹਾ ਸੀ ਤੇ ਸੇਵਕਾ ਪੱਖਾ ਝੱਲ ਰਹੀ ਸੀ।